ਜਿਲ੍ਹੇ ਦਾ ਮਦਦ ਕਰਨ ਵਾਲਾ ਸਟਾਫ

## ਜਿਲ੍ਹੇ ਦਾ ਮਦਦ ਕਰਨ ਵਾਲਾ ਨੌਨ-ਟੀਚਿੰਗ ਸਟਾਫ:

ਇਹ ਟਰੇਂਡ ਸਟਾਫ ਹੈ ਜਿਹੜਾ ਖਾਸ ਸਹਾਇਤਾ ਸੇਵਾਵਾਂ ਦਿੰਦਾ ਹੈ।

### 1. ਮਲਟੀਕਲਚਰਲ ਲਾਇਜ਼ਾਨ ਵਰਕਰਜ਼ (ਐੱਮ ਸੀ ਐੱਲ ਡਬਲਯੂਜ਼)

- ਐੱਮ ਸੀ ਐੱਲ ਡਬਲਯੂਜ਼ ਸਰਕਾਰੀ ਸਕੂਲ ਸਿਸਟਮ ਤੋਂ ਜਾਣੂ ਹੁੰਦੇ ਹਨ ਅਤੇ ਉਨ੍ਹਾਂ ਕੋਲ ਸਭਿਆਚਾਰਕ ਮਿਲਾਪ ਅਤੇ ਅੰਤਰ ਸਭਿਆਚਾਰਕ ਸੰਪਰਕ ਨਾਲ ਸੰਬੰਧਿਤ ਮਸਲਿਆਂ ਦਾ ਤਜਰਬਾ ਹੁੰਦਾ ਹੈ।
- ਸਰਕਾਰੀ ਸਕੂਲ ਸਿਸਟਮ ਨੂੰ ਸਮਝਣ ਵਿਚ ਵਿਦਿਆਰਥੀਆਂ ਅਤੇ ਮਾਪਿਆਂ ਦੀ ਮਦਦ ਕਰਨ ਲਈ ਅਤੇ ਨਵੇਂ ਸਭਿਆਚਾਰ ਵਿਚ ਰਹਿਣ ਅਤੇ ਪੜ੍ਹਨ ਵਿਚ ਅਡਜਸਟ ਹੋਣ ਲਈ ਉਹ ਕਈ ਜ਼ਬਾਨਾਂ ਵਿਚ ਮਦਦ ਦੀ ਪੇਸ਼ਕਸ਼ ਕਰਦੇ ਹਨ।
- ਈ ਐੱਸ ਐੱਲ ਵਿਦਿਆਰਥੀਆਂ ਦੀਆਂ ਲੋੜਾਂ ਦਾ ਪਤਾ ਲਾਉਣ ਵਿਚ ਮਦਦ ਕਰਨ ਲਈ ਅਤੇ ਵੱਖ ਵੱਖ ਪਿਛੋਕੜਾਂ ਵਾਲੇ ਵਿਦਿਆਰਥੀਆਂ ਦੀਆਂ ਲੋੜਾਂ ਮੁਤਾਬਕ ਪ੍ਰੋਗਰਾਮ ਬਣਾਉਣ ਵਿਚ ਮਦਦ ਕਰਨ ਲਈ ਉਹ ਸਕੂਲਾਂ ਨੂੰ ਵੀ ਮਦਦ ਦੀ ਪੇਸ਼ਕਸ਼ ਕਰਦੇ ਹਨ।

### 2. ਸੈਟਲਮੈਂਟ ਵਰਕਰਜ਼ ਇਨ ਸਕੂਲਜ਼ (ਸਵਿਸ) ਪ੍ਰੋਗਰਾਮ

- ਸਵਿਸ ਇਮੀਗਰਾਂਟ ਅਤੇ ਰਫਿਊਜੀ ਵਿਦਿਆਰਥੀਆਂ ਅਤੇ ਪਰਿਵਾਰਾਂ ਨਾਲ ਸਿੱਧਾ ਕੰਮ ਕਰਦਾ ਹੈ।
- ਉਹ ਆਪਣੀ ਨਵੀਂ ਕਮਿਉਨਟੀ, ਘਰ ਅਤੇ ਸਕੂਲ ਵਿਚ ਅਡਜਸਟ ਹੋਣ ਵਿਚ ਪਰਿਵਾਰਾਂ ਦੀ ਮਦਦ ਕਰਦੇ ਹਨ।

### 3. ਸਕੂਲ ਲਾਇਜ਼ਾਨ ਔਫੀਸਰਜ਼ (ਐੱਸ ਐੱਲ ਓਜ਼)

- ਐੱਸ ਐੱਲ ਓਜ਼ ਸਥਾਨਕ ਪੁਲੀਸ ਦੇ ਮੈਂਬਰ ਹੁੰਦੇ ਹਨ।
- ਇਕ ਅਫਸਰ ਆਮ ਤੌਰ ’ਤੇ ਕਈ ਵੱਖ ਵੱਖ ਸਕੂਲਾਂ ਵਿਚ ਕੰਮ ਕਰਦਾ ਹੈ।
- ਉਹ ਸੇਫਟੀ, ਕਾਨੂੰਨ ਅਤੇ ਕਮਿਉਨਟੀ ਵਿਚ ਪੁਲੀਸ ਅਫਸਰ ਦੇ ਰੋਲ ਬਾਰੇ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦੇ ਹਨ।
- ਉਹ ਜੁਰਮਾਂ ਤੋਂ ਰੋਕਥਾਮ ਉੱਪਰ ਧਿਆਨ ਦਿੰਦੇ ਹਨ ਅਤੇ ਵਾਪਰਨ ਵਾਲੀਆਂ ਗੈਰਕਾਨੂੰਨੀ ਸਰਗਰਮੀਆਂ ਦੀ ਪੜਤਾਲ ਕਰਦੇ ਹਨ।

### 4. ਸਕੂਲ ਆਧਾਰਿਤ ਕਮਿਉਨਟੀ ਨਰਸ

- ਕਮਿਉਨਟੀ ਨਰਸਾਂ ਸਰੀਰਕ ਅਤੇ ਜਜ਼ਬਾਤੀ ਸਿਹਤ ਦੇ ਸਰੋਕਾਰਾਂ ਵਾਲੇ ਵਿਦਿਆਰਥੀਆਂ ਦੀ ਮਦਦ ਕਰਦੀਆਂ ਹਨ।
- ਉਹ ਉਨ੍ਹਾਂ ਵਿਦਿਆਰਥੀਆਂ ਦੀ ਨਿਗਰਾਨੀ ਕਰਦੀਆਂ ਹਨ ਜਿਨ੍ਹਾਂ ਨੂੰ ਕੋਈ ਬੀਮਾਰੀਆਂ ਹਨ।
- ਉਹ ਵਿਦਿਆਰਥੀਆਂ ਨੂੰ ਢੁਕਵੇਂ ਕਮਿਉਨਟੀ ਵਸੀਲਿਆਂ ਕੋਲ ਭੇਜਦੀਆਂ ਹਨ।
- ਉਹ ਹੈਲਥ ਰੂਮ ਦੇ ਵਸੀਲਿਆਂ ਦਾ ਤਾਲਮੇਲ ਕਰਦੀਆਂ ਹਨ।
- ਉਹ ਵਿਦਿਆਰਥੀਆਂ ਦੇ ਗਰੁੱਪਾਂ ਦੀਆਂ ਸਿਹਤ ਨਾਲ ਸੰਬੰਧਿਤ ਕਲਾਸਾਂ ਵੀ ਲਗਾਉਂਦੀਆਂ ਹਨ ਜਾਂ ਦੂਜੇ ਟੀਚਰ ਦੇ ਨਾਲ ਕਲਾਸਾਂ ਲਗਾਉਂਦੀਆਂ ਹਨ।

**“District Support Staff”**

[Punjabi]

ਇਹ ਬਰੋਸ਼ਰ ਵੀ ਐੱਸ ਬੀ (VSB) ਸਵਿਸ ਪ੍ਰੋਗਰਾਮ ਵਲੋਂ ਸਪੌਂਸਰ ਕੀਤੇ ਗਏ ਅਤੇ ਅੰਗਰੇਜ਼ੀ (ESL/ELL) ਦੇ ਅਧਿਆਪਕਾਂ ਦੇ ਇਕ ਗਰੁੱਪ ਅਤੇ ਮਲਟੀਕਲਚਰਲ ਲੀਏਜੋਨ  ਵਰਕਰਾਂ (MCLW) ਦੀ ਟੀਮ ਵਲੋਂ ਸਾਂਝੇ ਤੌਰ ਤੇ ਤਿਆਰ ਕੀਤੇ ਗਏ ਬਰੋਸ਼ਰਾਂ ਦੀ ਲੜੀ ਵਿੱਚੋਂ ਇਕ ਹੈ।

ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਿਲੀ ਮਾਇਕ ਸਹਾਇਤਾ ਨਾਲ ਇਹ ਪ੍ਰਾਜੈੱਕਟ ਸੰਭਵ ਹੋਇਆ ਹੈ।

# ਜਿਲ੍ਹੇ ਦਾ ਮਦਦ ਕਰਨ ਵਾਲਾ ਸਟਾਫ



## ਉਹ ਕੌਣ ਹਨ?

## ਉਨ੍ਹਾਂ ਦੀਆਂ ਕੀ ਜ਼ਿੰਮੇਵਾਰੀਆਂ ਹਨ?

## ਜ਼ਿਲ੍ਹੇ ਦਾ ਮਦਦ ਕਰਨ ਵਾਲਾ ਸਟਾਫ



*ਜਿਹੜੇ ਲੋਕ ਤੁਹਾਡੇ ਬੱਚਿਆਂ ਅਤੇ ਉਨ੍ਹਾਂ ਦੇ ਟੀਚਰਾਂ ਨਾਲ ਕੰਮ ਕਰਦੇ ਹਨ, ਉਹ ਇਹ ਯਕੀਨੀ ਬਣਾਉਣ ਵਿਚ ਮਦਦ ਕਰਨ ਲਈ ਹਨ ਕਿ ਸਕੂਲ ਦੇ ਸਾਰੇ ਬੱਚੇ ਸੁਰੱਖਿਅਤ ਅਤੇ ਸੁਆਗਤ ਕਰਨ ਵਾਲੇ ਮਾਹੌਲ ਵਿਚ ਆਪਣੇ ਹੁਨਰ ਆਪਣੀ ਸਮਰੱਥਾ ਮੁਤਾਬਕ ਵੱਧ ਤੋਂ ਵੱਧ ਵਿਕਸਿਤ ਕਰ ਰਹੇ ਹਨ।*

*ਇਹ ਬਰੋਸ਼ਰ ਕੁਝ ਖਾਸ ਤੌਰ 'ਤੇ ਟਰੇਂਡ ਉਨ੍ਹਾਂ ਲੋਕਾਂ ਦੀਆਂ ਜ਼ਿੰਮੇਵਾਰੀਆ ਬਾਰੇ ਦੱਸਦਾ ਹੈ ਜਿਹੜੇ ਵਿਦਿਆਰਥੀਆਂ ਅਤੇ ਟੀਚਰਾਂ ਦੀ ਵਾਧੂ ਮਦਦ ਕਰਦੇ ਹਨ।*

## ਜ਼ਿਲ੍ਹੇ ਦਾ ਮਦਦ ਕਰਨ ਵਾਲਾ ਸਟਾਫ:

ਇਹ ਉਹ ਟੀਚਰ ਅਤੇ ਖਾਸ ਤੌਰ 'ਤੇ ਟਰੇਂਡ ਮਦਦ ਕਰਨ ਵਾਲਾ ਸਟਾਫ ਹਨ ਜਿਹੜੇ ਆਮ ਤੌਰ 'ਤੇ ਕਈ ਵੱਖ ਵੱਖ ਸਕੂਲਾਂ ਵਿਚ ਕੰਮ ਕਰਦੇ ਹਨ। ਉਹ ਸਕੂਲ ਦੇ ਸਟਾਫ ਨਾਲ ਕੰਮ ਕਰਦੇ ਹਨ ਅਤੇ ਬੱਚਿਆਂ ਲਈ ਖਾਸ ਪ੍ਰੋਗਰਾਮ ਤਿਆਰ ਕਰਨ ਵਿਚ ਮਦਦ ਕਰਦੇ ਹਨ।

ਜ਼ਿਲ੍ਹੇ ਦੇ ਮਦਦ ਕਰਨ ਵਾਲੇ ਸਟਾਫ ਵਿਚ ਇਹ ਸ਼ਾਮਲ ਹੋ ਸਕਦੇ ਹਨ:

### 1. ਡਿਸਟਰਿਕਟ ਰੀਸੋਰਸ ਟੀਚਰਜ਼ (ਡੀ ਆਰ ਟੀਜ਼)

- ਡੀ ਆਰ ਟੀਜ਼, ਖਾਸ ਲੋੜਾਂ ਵਾਲੇ ਵਿਦਿਆਰਥੀਆਂ ਦੀਆਂ ਲੋੜਾਂ ਬਿਹਤਰ ਤਰੀਕੇ ਨਾਲ ਪੂਰੀਆਂ ਕਰਨ ਲਈ ਸਾਮੱਗਰੀ ਨੂੰ ਅਨੁਕੂਲ ਬਣਾਉਣ ਅਤੇ ਸੋਧਣ ਲਈ ਕਲਾਸਰੂਮ ਦੇ ਟੀਚਰਾਂ ਨਾਲ ਰਲ ਕੇ ਕੰਮ ਕਰਦੇ ਹਨ ਜਿਸ ਵਿਚ ਕਮਜ਼ੋਰ ਨਿਗ੍ਹਾ/ਸੁਣਨ ਸ਼ਕਤੀ ਵਾਲੇ, ਸਿੱਖਣ ਵਿਚ ਨਾਕਾਮ, ਅਤੇ/ਜਾਂ ਵਤੀਰਿਆਂ ਦੀਆਂ ਸਮੱਸਿਆਵਾਂ ਵਾਲੇ ਵਿਦਿਆਰਥੀ ਸ਼ਾਮਲ ਹਨ।

### 2. ਸਪੀਚ ਐਂਡ ਲੈਂਗੁਏਜ ਪਾਥੋਲੋਜਿਸਟਸ (ਐੱਸ ਐੱਲ ਪੀਜ਼)

- ਐੱਸ ਐੱਲ ਪੀਜ਼, ਬੋਲਣ ਦੀ ਸ਼ਕਤੀ ਵਿਕਸਿਤ ਕਰਨ ਦੇ ਖੇਤਰ ਵਿਚ ਕੰਮ ਕਰਨ ਲਈ ਟਰੇਂਡ ਹੁੰਦੇ ਹਨ।
- ਕਿਸੇ ਵਿਦਿਆਰਥੀ ਦੀ ਬੋਲਣ ਦੀ ਸ਼ਕਤੀ ਦਾ ਪਤਾ ਲਾਉਣ ਲਈ ਅਤੇ ਜੇ ਲੋੜ ਹੋਵੇ ਤਾਂ ਉਪਾ ਕਰਨ ਬਾਰੇ ਸੁਝਾਅ ਦੇਣ ਲਈ ਉਹ ਟੀਚਰਾਂ ਨਾਲ ਰਲ ਕੇ ਕੰਮ ਕਰਦੇ ਹਨ।

### 3. ਸਕੂਲ ਸਾਇਕੋਲੋਜਿਸਟਸ

- ਸਕੂਲ ਸਾਇਕੋਲੋਜਿਸਟਸ ਉਨ੍ਹਾਂ ਵਿਦਿਆਰਥੀਆਂ ਦਾ ਅਨੁਮਾਨ ਲਾਉਣ ਲਈ ਟਰੇਂਡ ਹੁੰਦੇ ਹਨ ਜਿਨ੍ਹਾਂ ਨੂੰ ਸਿੱਖਣ ਵਿਚ ਮੁਸ਼ਕਲਾਂ ਆਉਂਦੀਆਂ ਹਨ। ਇਸ ਇਵੈਲੂਏਸ਼ਨ ਨੂੰ ਸਾਇਕੋ-ਐਜੂਕੇਸ਼ਨਲ ਅਸੈੱਸਮੈਂਟ ਆਖਿਆ ਜਾਂਦਾ ਹੈ।
- ਅਸੈੱਸਮੈਂਟ ਲਈ ਲੋੜ ਦਾ ਪਤਾ ਲਾਉਣ ਅਤੇ ਨਤੀਜਿਆਂ ਨੂੰ ਆਧਾਰ ਬਣਾ ਕੇ ਸਿਫਾਰਸ਼ਾਂ ਕਰਨ ਲਈ ਉਹ ਟੀਚਰਾਂ ਨਾਲ ਕੰਮ ਕਰਦੇ ਹਨ।

## ਕਮਿਊਨਟੀ ਸਕੂਲ ਟੀਮਾਂ (ਸੀ ਐੱਸ ਟੀ)

ਕਮਿਊਨਟੀ ਸਕੂਲ ਟੀਮਾਂ, ਇਕ ਕੋਆਰਡੀਨੇਟਰ, ਟੀਚਰ, ਯੂਥ ਐਂਡ ਫੈਮਿਲੀ ਵਰਕਰ (ਵਾਈ ਐੱਫ ਡਬਲਯੂ) ਅਤੇ ਇਕ ਪ੍ਰੋਗਰਾਮਰ ਤੋਂ ਬਣੀਆਂ ਹੁੰਦੀਆਂ ਹਨ। ਇਹ ਟੀਮਾਂ ਵਿਦਿਆਰਥੀਆਂ ਨਾਲ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਦੋਨਾਂ ਵਿਚ ਕੰਮ ਕਰਦੀਆਂ ਹਨ। ਉਹ ਵਿਦਿਆਰਥੀਆਂ ਅਤੇ ਮਾਪਿਆਂ ਦੀ ਅਕਾਦਮਿਕ ਮਦਦ ਦੇ ਨਾਲ ਨਾਲ ਸਮਾਜਿਕ ਅਤੇ ਜਜ਼ਬਾਤੀ ਮਦਦ ਕਰਦੀਆਂ ਹਨ।

### 1. ਸੀ ਐੱਸ ਟੀ ਕੋਆਰਡੀਨੇਟਰ

- ਕੋਆਰਡੀਨੇਟਰ, ਸਕੂਲਾਂ ਨਾਲ ਕਮਿਊਨਟੀ ਦੀ ਸਾਂਝੀਦਾਰੀ ਵਿਕਸਿਤ ਕਰਦੇ ਹਨ।
- ਸਕੂਲ ਅਤੇ ਕਮਿਊਨਟੀ ਗਰੁੱਪਾਂ ਨਾਲ ਰਲ ਕੇ, ਉਹ ਇਹ ਪਤਾ ਲਾਉਂਦੇ ਹਨ ਕਿ ਕਿਹੜੇ ਪ੍ਰੋਗਰਾਮ ਸਕੂਲ ਅਤੇ ਕਮਿਊਨਟੀ ਦੀਆਂ ਲੋੜਾਂ ਮੁਤਾਬਕ ਸਭ ਤੋਂ ਜ਼ਿਆਦਾ ਠੀਕ ਹਨ।
- ਉਹ ਵਿਦਿਆਰਥੀਆਂ ਲਈ ਸਕੂਲ ਤੋਂ ਬਾਅਦ ਦੇ ਪ੍ਰੋਗਰਾਮ ਵੀ ਵਿਉਂਤਬੰਦ ਕਰਦੇ ਹਨ ਅਤੇ ਖਾਸ ਪ੍ਰੋਜੈਕਟਾਂ 'ਤੇ ਸਕੂਲ ਦੇ ਸਟਾਫ ਦੀ ਮਦਦ ਕਰਦੇ ਹਨ।

### 2. ਸੀ ਐੱਸ ਟੀ ਟੀਚਰ

- ਸੀ ਐੱਸ ਟੀ ਟੀਚਰ, ਵਿਦਿਆਰਥੀਆਂ ਦੀ ਐਲੀਮੈਂਟਰੀ ਸਕੂਲਾਂ ਤੋਂ ਸੈਕੰਡਰੀ ਸਕੂਲਾਂ ਵਿਚ ਤਬਦੀਲੀ ਵਿਚ ਮਦਦ ਕਰਦੇ ਹਨ।
- ਉਹ ਵਿਦਿਆਰਥੀਆਂ ਦੀ ਨਿੱਜੀ ਅਤੇ/ਜਾਂ ਵਿਦਿਆਰਥੀਆਂ ਦੇ ਗਰੁੱਪਾਂ ਦੀ ਡੂੰਘੀ ਅਕਾਦਮਿਕ ਮਦਦ ਵੀ ਕਰ ਸਕਦੇ ਹਨ।

### 3. ਸੀ ਐੱਸ ਟੀ ਯੂਥ ਐਂਡ ਫੈਮਿਲੀ ਵਰਕਰ (ਵਾਈ ਐੱਫ ਡਬਲਯੂ)

- ਵਾਈ ਐੱਫ ਡਬਲਯੂਜ਼, ਵਿਦਿਆਰਥੀਆਂ ਦੀ ਸਮਾਜਿਕ ਅਤੇ ਜਜ਼ਬਾਤੀ ਮਦਦ ਕਰਨ ਲਈ ਟਰੇਂਡ ਹੁੰਦੇ ਹਨ।
- ਉਹ ਅਕਸਰ ਉਨ੍ਹਾਂ ਵਿਦਿਆਰਥੀਆਂ ਨਾਲ ਕੰਮ ਕਰਦੇ ਹਨ ਜਿਨ੍ਹਾਂ ਨੂੰ ਹੋਰ ਕਿਸਮਾਂ ਦੀ ਮਦਦ ਨਹੀਂ ਮਿਲਦੀ।
- ਉਹ ਕਲਾਸਰੂਮ ਤੋਂ ਬਾਹਰ ਵਿਦਿਆਰਥੀਆਂ ਅਤੇ ਪਰਿਵਾਰਾਂ ਨਾਲ ਕੰਮ ਕਰਦੇ ਹਨ।
- ਉਹ ਵਿਦਿਆਰਥੀਆਂ ਅਤੇ ਪਰਿਵਾਰਾਂ ਦੀ ਸਿੱਧੀ ਮਦਦ ਕਰਦੇ ਹਨ ਅਤੇ ਸਕੂਲ, ਸਕੂਲ ਕਮਿਊਨਟੀ ਅਤੇ ਬਾਹਰੀ ਏਜੰਸੀਆਂ ਨਾਲ ਸਬੰਧ ਬਣਾਉਂਦੇ ਹਨ।

### 4. ਸੀ ਐੱਸ ਟੀ ਪ੍ਰੋਗਰਾਮਰ

- ਪ੍ਰੋਗਰਾਮਰ ਸਕੂਲਾਂ ਵਿਚ ਪ੍ਰੋਗਰਾਮਾਂ ਦੀ ਨਿਗਰਾਨੀ ਕਰਨ ਲਈ ਕੋਆਰਡੀਨੇਟਰਾਂ ਨਾਲ ਕੰਮ ਕਰਦੇ ਹਨ।
- ਐਲੀਮੈਂਟਰੀ ਸਕੂਲਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ, ਲੰਚ ਦੇ ਸਮੇਂ ਅਤੇ ਸਕੂਲ ਤੋਂ ਬਾਅਦ ਦੇ ਪ੍ਰੋਗਰਾਮਾਂ ਵਿਚ ਮਦਦ ਲਈ ਉਹ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਟਰੇਂਡ ਵੀ ਕਰਦੇ ਹਨ।

